## ਡਾਇਰੈਕਟੋਰੇਟ ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ

### ਹੁਕਮ

ਨੰ: 6ਐਮ.ਈ.3-ਪੰ:-2014/ 3703 ਮਿਤੀ ਚੰਡੀਗੜ੍ਹ: 13-03-2014

ਪੋਸਟ ਮੈਟ੍ਰਿਕ ਸਕਾਲਰਸ਼ਿਪ ਟੂ ਐਸ.ਸੀ. / ਓ.ਬੀ.ਸੀ. ਸਟੂਡੈਂਟਸ ਸਕੀਮ ਅਧੀਨ ਸਾਲ 2013-14 ਨਾਲ ਸਬੰਧਤ, ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ ਤੋਂ ਸੋਧ ਕਰਨ ਲਈ ਪ੍ਰਾਪਤ ਹੋਈਆਂ ਲਿਸਟਾਂ ਵਿੱਚ ਪੰਜਾਬ ਸਰਕਾਰ ਵਲੋਂ ਸਮੇਂ-ਸਮੇਂ ਜਾਰੀ ਫੀਸਾਂ ਦੀਆਂ ਨੋਟੀਫਿਕੇਸ਼ਨਾਂ ਅਤੇ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ ਦੀਆਂ ਗਾਈਡ ਲਾਈਨਾਂ ਅਨੁਸਾਰ ਸੋਧ ਕਰਦੇ ਹੋਏ, ਸੋਧੀਆਂ ਲਿਸਟਾਂ (ਐਸ.ਸੀ. ਕੈਟਾਗਿਰੀ ਲਾਭਪਾਤਰੀ -3144 ਬਾਬਤ ਕੁੱਲ ਰਕਮ 14,95,60,645/-ਰੁ: ਅਤੇ ਓ.ਬੀ.ਸੀ. ਕੈਟਾਗਿਰੀ ਲਾਭਤਾਰੀ- 1339, ਕੁੱਲ ਰਕਮ 5,68,24,090/-ਰੁ:) ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ ਨੂੰ ਅਦਾਇਗੀ ਲਈ ਹੇਠ ਲਿਖੀਆਂ ਸ਼ਰਤਾਂ ਉੱਤੇ ਭੇਜੀਆਂ ਜਾਂਦੀਆਂ ਹਨ:-

1. ਜੇਕਰ ਕਿਸੇ ਵੀ ਸਮੇਂ ਕੋਈ ਵਿਦਿਆਰਥੀ ਇਸ ਸਕਾਲਰਸ਼ਿਪ ਲਈ ਅਯੋਗ ਪਾਇਆ ਜਾਂਦਾ ਹੈ, ਤਾਂ ਉਹ ਵਿਦਿਆਰਥੀ / ਵਿਦਿਆਰਥੀ ਦੇ ਮਾਪੇ / ਸੰਸਥਾ ਪ੍ਰਾਪਤ ਹੋਈ ਸਕਾਲਰਸ਼ਿਪ ਦੀ ਰਕਮ ਨਿਯਮਾਂ ਅਧੀਨ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਵਾਪਸ ਕਰਨ ਦਾ ਪਾਬੰਦ ਹੋਣਗੇ।
2. ਜੇਕਰ ਕਿਸੇ ਵੀ ਵਿਦਿਆਰਥੀ / ਸੰਸਥਾ ਨੂੰ ਨਿਰਧਾਰਿਤ ਰਾਸ਼ੀ ਤੋਂ ਵੱਧ ਰਾਸ਼ੀ ਦੀ ਅਦਾਇਗੀ ਹੋ ਜਾਂਦੀ ਹੈ, ਤਾਂ ਉਹ ਵਿਦਿਆਰਥੀ / ਵਿਦਿਆਰਥੀ ਦੇ ਮਾਪੇ /ਸੰਸਥਾ ਵੱਧ ਪ੍ਰਾਪਤ ਹੋਈ ਰਾਸ਼ੀ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਵਾਪਸ ਕਰਨ ਦੇ ਪਾਬੰਦ ਹੋਣਗੇ।

ਇਸ ਦਫਤਰ ਦੇ ਹੁਕਮ ਨੰ: 6ਐਮ.ਈ.3-ਪੰ:-2014/2092 ਮਿਤੀ 12.02.2014 ਰਾਹੀਂ ਰਿਪੋਰਟ ਨੰ: 3 ਦੇ ਅਧਾਰ ਉੱਤੇ ਜਾਰੀ ਕੀਤੀ ਗਈ ਮਨਜ਼ੂਰੀ ਰੱਦ ਕੀਤੀ ਜਾਂਦੀ ਹੈ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

ਪਿਠ ਅੰਕਣ ਨੰ: 6ਐਮ.ਈ.3-ਪੰ:-2014/ ਮਿਤੀ ਚੰਡੀਗੜ੍ਹ:

1. ਉਤਾਰਾ ਡਾਇਰੈਕਟਰ, ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ੍ਰੇਣੀਆਂ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ ਨੂੰ ਉਪਰੋਕਤ ਲਿਸਟਾਂ ਦੀਆਂ ਦੋ ਸੌਫਟ ਅਤੇ ਦੋ ਹਾਰਡ ਕਾਪੀਆਂ ਸਮੇਤ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ।
2. ਉਤਾਰਾ ਸਾਰੀਆਂ ਸਬੰਧਤ ਸੰਸਥਾਵਾਂ / ਵਿਦਿਆਰਥੀਆਂ ਦੀ ਸੂਚਨਾ ਹਿਤ ਵੈਬ-ਸਾਈਟ ਉੱਤੇ ਅੱਪਲੋਡ ਕਰਦੇ ਹੋਏ ਸੂਚਿਤ ਕੀਤਾ ਜਾਂਦਾ ਹੈ ਕਿ ਵਿਦਿਆਰਥੀ / ਵਿਦਿਆਰਥੀਆਂ ਦੇ ਮਾਪੇ / ਸੰਸਥਾਵਾਂ ਉਪਰੋਕਤ ਸ਼ਰਤਾਂ ਦੇ ਪਾਬੰਦ ਹੋਣਗੇ। ਜਿਨ੍ਹਾਂ ਵਿਦਿਆਰਥੀਆਂ / ਸੰਸਥਾਵਾਂ ਨੇ ਸੈਂਕਸ਼ਨਿੰਗ ਅਥਾਰਿਟੀਆਂ ਕੋਲ ਦਸਤਾਵੇਜ ਸਮੇਂ ਸਿਰ ਸਬਮਿਟ / ਮੁਕੰਮਲ ਨਹੀਂ ਕਰਵਾਏ ਹਨ, ਇਸ ਸਬੰਧੀ ਉਹ ਖੁਦ ਜਿੰਮੇਵਾਰ ਹਨ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ

Scanned by CamScanner